International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਵਿਚ ਸਥਾਨਕਤਾ ਦੇ ਅੰਸ਼

**ਹਰਪ੍ਰੀਤ ਕੌਰ**

ਸੀਨੀਅਰ ਰਿਸਰਚ ਫੈਲੋ, ਪੰਜਾਬੀ ਯੂਨੀਵਰਸਿਟੀ

**Abstract:**
ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲੀ ਸਮੇਂ ਦਾ ਇਕ ਧਾਰਮਿਕ ਗ੍ਰੰਥ ਹੈ ਜਿਸ ਦਾ ਸਿੱਖ ਧਰਮ ਨਾਲ ਅਟੁੱਟ ਸਬੰਧ ਹੈ ਅਤੇ ਵਰਤਮਾਨ ਸਮੇਂ ਵਿਚ ਸਿੱਖ ਇਸ ਨੂੰ ਆਪਣਾ ਜੀਵਿਤ ਗੁਰੂ ਮੰਨਦੇ ਹਨ। ਸਾਹਿਤਕ ਪੱਖ ਤੋਂ ਵੀ ਇਸ ਰਚਨਾ ਦੀ ਸਰਬੋਤਮ ਪਹੁੰਚ ਆਪਣੀ ਮਿਸਾਲ ਆਪ ਹੈ। ਵਿਸ਼ੇ ਅਤੇ ਰੂਪਕ ਪੱਖ ਵਿਚ ਇਸ ਗ੍ਰੰਥ ਦੀ ਨਿਵੇਕਲੀ ਪ੍ਰਾਪਤੀ ਇਸ ਗੱਲ ਵਿਚ ਵੀ ਹੈ ਕਿ ਮੱਧਕਾਲ ਵਿਚ ਹੋਏ ਸੂਫੀ ਅਤੇ ਭਗਤ ਸਾਹਿਤਕਾਰ ਭਾਵੇਂ ਉਹ ਕਿਸੇ ਵੀ ਜਾਤ, ਧਰਮ, ਖਿੱਤੇ ਅਤੇ ਕਿੱਤੇ ਨਾਲ ਸਬੰਧਤ ਸਨ, ਉਨ੍ਹਾਂ ਦੀਆਂ ਰਚਨਾਵਾਂ ਗੁਰਮਤਿ ਮਾਪਦੰਡ ਦੇ ਅਨੁਸਾਰ ਹੋਣ ਕਾਰਨ ਇਸ ਪਵਿੱਤਰ ਗ੍ਰੰਥ ਵਿਚ ਸੰਪਾਦਿਤ ਅਤੇ ਸ਼ਾਮਿਲ ਕਰ ਲਈਆਂ ਗਈਆਂ ਸਨ। ਇਸ ਕਾਰਨ ਭੂਗੋਲਿਕ ਵੱਖਰਤਾ ਅਤੇ ਭਾਸ਼ਾਈ ਵਿਭਿੰਨਤਾ ਇਸ ਗ੍ਰੰਥ ਦਾ ਅਹਿਮ ਹਿੱਸਾ ਬਣ ਗਈ। ਇਸ ਖੋਜ ਪੱਤਰ ਵਿਚ ਦਰਜ ਪੰਦਰਾਂ ਭਗਤਾਂ ਦੀ ਬਾਣੀ ਜੋ ਕਿ ਉਨ੍ਹਾਂ ਦੀ ਖੇਤਰੀ ਅਤੇ ਸਥਾਨਕ ਵਰਣਨ ਨਾਲ ਲਬਰੇਜ਼ ਹੈ, ਨੂੰ ਖੋਜ ਅਤੇ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

**Keywords:** ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਤੀ ਲਹਿਰ, ਪੰਦਰਾਂ ਭਗਤ, ਸਥਾਨਕਤਾ,

ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲੀ ਦੌਰ ਦੀ ਅਜਿਹੀ ਰਚਨਾ ਹੈ ਜਿਸ ਦਾ ਸਿਰਜਣ ਪ੍ਰਵਾਹ 12 ਵੀਂ ਤੋਂ 17 ਵੀਂ ਸਦੀ ਤੱਕ ਫੈਲਿਆ ਹੋਇਆ ਹੈ। ਇਸ ਗ੍ਰੰਥ ਵਿਚ 6 ਗੁਰੂ ਸਾਹਿਬਾਨ ਤੋਂ ਬਿਨਾਂ ਭਾਰਤੀ ਉਪ ਮਹਾਂਦੀਪ ਦੇ ਵੱਖ-ਵੱਖ ਭੂਗੋਲਿਕ ਖੇਤਰਾਂ ਨਾਲ ਸੰਬੰਧਿਤ 15 ਭਗਤਾਂ, 11 ਭੱਟਾਂ ਤੇ 4 ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਦੀ ਚੋਣਵੀਂ ਰਚਨਾ ਸ਼ਾਮਿਲ ਹੈ। ਗੁਰੂ ਅਰਜਨ ਦੇਵ ਵੱਲੋਂ 1604 ਈ. ਵਿਚ ਸੰਪਾਦਿਤ ਇਸ ਗ੍ਰੰਥ ਵਿਚਲੀ ਰਚਨਾ ਨੂੰ ਗੁਰਬਾਣੀ ਵਜੋਂ ਜਾਣਿਆ ਜਾਂਦਾ ਹੈ।

ਭਗਤੀ ਲਹਿਰ ਅਧੀਨ ਨਵੀਨ ਦ੍ਰਿਸ਼ਟੀ ਪ੍ਰਦਾਨ ਕਰਨ ਵਾਲੇ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜਦੋਂ ਕਿ ਇਹਨਾਂ ਦੁਆਰਾ ਰਚਿਤ ਹੋਰ ਬਾਣੀ ਵੀ ਪ੍ਰਾਪਤ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਦੇ 112 ਸਲੋਕ ਤੇ 4 ਸ਼ਬਦ, ਭਗਤ ਜੈਦੇਵ ਦੇ 2 ਸਬਦ, ਭਗਤ ਨਾਮਦੇਵ ਦੇ 61 ਸ਼ਬਦ, ਭਗਤ ਕਬੀਰ ਦੇ 227 ਸ਼ਬਦ ਤੇ 237 ਸਲੋਕ ਅਤੇ ਭਗਤ

ਰਵਿਦਾਸ ਦੇ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਵੀ ਇਹਨਾਂ ਭਗਤਾਂ ਦੀ ਹੋਰਨਾਂ ਸਰੋਤਾਂ ਤੋਂ ਰਚਨਾ ਮਿਲਦੀ ਹੈ, ਪਰ ਸਾਡਾ ਵਿਸ਼ਾ ਸਿਰਫ਼ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੱਕ ਹੀ ਸੀਮਤ ਹੈ।

ਸਮਾਜ ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਸ਼ਖ਼ਸੀਅਤ ਦਾ ਨਿਰਮਾਣ ਸਭਿਆਚਾਰੀਕਰਣ ਦੇ ਅਮਲ ਨਾਲ ਹੁੰਦਾ ਹੈ। ਸਭਿਆਚਾਰੀਕਰਣ ਸਥਾਨਕਤਾ ਦੇ ਅੰਸ਼ਾਂ ਦਾ ਮਿਲਗੋਭਾ ਹੁੰਦਾ ਹੈ। ਵਿਅਕਤੀ ਦੀ ਸ਼ਖ਼ਸੀਅਤ 'ਤੇ ਇਸ ਦਾ ਪ੍ਰਭਾਵ ਪੈਂਦਾ ਹੈ। ਇਸ ਦੇ ਪਰਤੌਂ ਵਜੋਂ ਹੀ ਕੋਈ ਖ਼ਾਸ ਸ਼ਖ਼ਸੀਅਤ ਜੋ ਸਮਾਜ ਬਾਰੇ ਨਿੱਖੜਵੇਂ ਰੂਪ ਵਿਚ ਸੋਚਦੀ ਹੈ ਅਤੇ ਸਥਾਪਿਤ ਸਮਾਜ ਵਿਰੋਧੀ ਸੰਸਥਾਵਾਂ ਤੇ ਕੀਮਤਾਂ ਨੂੰ ਸਵੀਕਾਰ ਕਰਨ ਦੀ ਬਜਾਏ ਉਨ੍ਹਾਂ ਦਾ ਨਿਖੇਧ ਕਰਦੀ ਉਹਨਾਂ ਨੂੰ ਨਵਿਆਉਣ ਤੇ ਉਸਾਰੂ ਕੀਮਤਾਂ ਸਿਰਜਣ ਵੱਲ ਵਧਦੀ ਹੈ। ਉਹ ਸਮਾਜ ਨੂੰ ਆਪਣੀ ਅਗਵਾਈ ਰਾਹੀਂ ਨਵੀਂ ਦਿਸ਼ਾ ਦੇ ਕੇ ਨਿਰਾਰਥਕ ਵਿਚਾਰਾਂ, ਰਸਮਾਂ ਤੇ ਪਰੰਪਰਾਵਾਂ ਵਿਰੁੱਧ ਆਵਾਜ਼ ਬੁਲੰਦ ਕਰਦੀ ਹੈ, ਜੇਕਰ ਉਹ ਸ਼ਖ਼ਸੀਅਤ ਸਿਰਜਣਾ (ਸਾਹਿਤ) ਦੇ ਖੇਤਰ ਵਿਚ ਕੁੱਝ ਸਿਰਜਦੀ ਹੈ ਤਾਂ ਸੁਭਾਵਿਕ ਹੀ ਉਸ ਦੀ ਰਚਨਾ ਵਿਚ ਸਥਾਨਕ ਰੀਤੀ-ਰਿਵਾਜ ਅਤੇ ਪਰੰਪਰਾਵਾਂ, ਵਿਚਾਰਧਾਰਾ, ਕਾਨੂੰਨੀ-ਵਿਵਸਥਾ, ਸਮਾਜਿਕ ਵਿਸ਼ਵਾਸ, ਸਮਾਜਿਕ ਆਦਰਸ਼, ਕਲਾ, ਭਾਸ਼ਾ ਅਤੇ ਸਾਹਿਤ, ਧਰਮ ਅਤੇ ਧਾਰਮਿਕ ਸੰਸਥਾਵਾਂ, ਲੋਕ ਰਵਾਇਤਾਂ ਅਤੇ ਤਿਉਹਾਰ, ਵਿਆਹ ਸੰਸਥਾ ਅਤੇ ਪਰਿਵਾਰ, ਰਿਸ਼ਤੇ, ਖਾਣ-ਪੀਣ ਅਤੇ ਪਹਿਰਾਵਾ, ਕੰਮ ਧੰਦੇ ਸੰਬੰਧੀ ਸਮਕਾਲੀ ਪਰਿਸਥਿਤੀਆਂ ਦੇ ਪ੍ਰਭਾਵ ਦ੍ਰਿਸ਼ਟੀਗੋਚਰ ਹੋਣ ਲੱਗਦੇ ਹਨ ਜਿਹੜੇ ਉਸ ਸਭਿਆਚਾਰ ਦੀ ਸਭਿਆਚਾਰਕ ਮਹੱਤਤਾ ਅਤੇ ਹੀਣਤਾ ਦੋਵਾਂ ਨੂੰ ਦਰਸਾਉਂਦੇ ਹਨ।

ਮੱਧਕਾਲੀ ਦੌਰ ਵਿਚ ਦੱਖਣੀ ਭਾਰਤ ਦੇ ਦ੍ਰਾਵਿੜ ਪ੍ਰਦੇਸ਼ ਤੋਂ ਭਗਤੀ ਲਹਿਰ ਉੱਠੀ ਜਿਸ ਨੇ ਪੂਰੇ ਭਾਰਤ 'ਤੇ ਆਪਣਾ ਪ੍ਰਭਾਵ ਕਾਇਮ ਕਰ ਲਿਆ। ਭਗਤੀ ਲਹਿਰ ਦੀ ਉਤਪਤੀ ਦੇ ਪਿਛੋਕੜ ਵਿਚ ਇੱਕ ਖ਼ਾਸ ਦਾਰਸ਼ਨਿਕ ਸਿਧਾਂਤ ਸੀ। ਇਸ ਲਹਿਰ ਦੇ ਉਦਭਵ ਤੋਂ ਪਹਿਲਾਂ ਭਾਰਤ ਅੰਦਰ ਮੁਸਲਮਾਨਾਂ ਦਾ ਪ੍ਰਵੇਸ਼ ਹੋ ਚੁੱਕਾ ਸੀ। ਇਸ ਦੇ ਨਾਲ ਹੀ ਪਹਿਲਾਂ ਤੋਂ ਪ੍ਰਚਲਿਤ ਵੇਦਾਂਤ, ਬੁੱਧਮਤ ਤੇ ਜੈਨ ਮਤ ਆਦਿ ਮੱਤਾਂ ਵਿਚ ਅਧਿਆਤਮਿਕ ਤੇ ਨੈਤਿਕ ਪੱਖਾਂ ਅੰਦਰ ਧੁੰਦਲਾਪਣ ਆਉਣ ਕਾਰਨ ਇਹ ਮਤ ਆਪਣਾ ਪ੍ਰਭਾਵ ਗਵਾ ਚੁੱਕੇ ਸਨ। ਦੂਜੇ ਪਾਸੇ ਮੁਸਲਮਾਨੀ ਜਬਰ ਆਮ ਜਨਤਾ ਨੂੰ ਧਰਮ ਬਦਲਣ ਲਈ ਮਜਬੂਰ ਕਰਦਾ ਸੀ। ਇਨ੍ਹਾਂ ਸਾਰੇ ਮਾਰੂ ਪ੍ਰਭਾਵਾਂ ਦੇ ਪ੍ਰਤੀਕਰਮ ਵਜੋਂ ਭਗਤੀ ਲਹਿਰ ਦਾ ਜਨਮ ਹੋਇਆ। "ਹਰੇਕ ਫ਼ਲਸਫ਼ਾ ਸਮਕਾਲੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੋਂਦ ਕਰਰਨ ਲਈ ਹੋਂਦ ਵਿਚ ਆਉਂਦਾ ਹੈ। ਮਨੁੱਖ ਅਤੇ ਸਮਾਜ ਦੀਆਂ ਸਮੱਸਿਆਵਾਂ ਨਿਰੰਤਰ ਬਦਲਦੀਆਂ ਰਹਿੰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਹੱਲ ਕਰਨ ਦੀਆਂ ਜੁਗਤਾਂ ਵੀ ਬਦਲਦੀਆਂ ਰਹਿੰਦੀਆਂ ਹਨ। ਖ਼ਾਸ ਕਰਕੇ ਸਮਾਜਿਕ ਦਰਸ਼ਨ ਤਾਂ ਵਧੇਰੇ ਕਰਕੇ ਸਮਕਾਲੀ ਚੇਤਨਾ ਨਾਲ ਜੁੜਿਆ ਹੁੰਦਾ ਹੈ। ਭਗਤੀ ਲਹਿਰ ਜਿਸ ਦਾ ਆਗਾਜ਼ ਉੱਤਰੀ ਭਾਰਤ ਵਿਚ ਰਾਮਾਨੰਦੀ ਲਹਿਰ ਨਾਲ ਹੋਇਆ ਉਹ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਪੁਨਰ-ਸੁਰਜੀਤ ਕਰਨਾ ਚਾਹੁੰਦੀ ਸੀ। ਭਾਰਤੀਆਂ ਦੀ ਆਜ਼ਾਦੀ ਨੰ ਮਾਰੂ ਹਮਲੇ ਕਰਕੇ ਦਬਾਇਆ ਜਾ ਰਿਹਾ ਸੀ। ਉਸ ਨੂੰ ਬਹਾਲ ਕਰਨ ਦਾ ਇਹ ਲਹਿਰ ਅਮਲੀ ਹੰਭਲਾ ਸੀ।"[1] ਇਸ ਲਹਿਰ ਨੇ ਠੋਸ ਤੇ ਨਵੇਂ ਦਾਰਸ਼ਨਿਕ ਸਿਧਾਂਤਾਂ ਨੂੰ ਜਨਮ ਦਿੱਤਾ। ਭਗਤੀ ਲਹਿਰ ਦਾ ਮੁੱਖ ਮਨੋਰਥ ਭਾਰਤੀਆਂ ਨੂੰ ਜੀਵਨ ਸੰਘਰਸ਼ ਲਈ ਤਿਆਰ ਕਰਨਾ ਸੀ। ਨੈਤਿਕ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਓਂ ਸਿਰਜ ਕੇ ਭਾਰਤੀ ਸਮਾਜ ਨੂੰ ਨਵਾਂ ਤੇ ਸੱਜਰਾ ਢਾਂਚਾ ਪ੍ਰਦਾਨ ਕਰਨਾ ਸੀ।

[1] ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ, ਪੰਨਾ-94.

ਮੱਧਕਾਲੀ ਦੌਰ ਦੀ ਸਮਾਜਿਕ ਦਸ਼ਾ ਤੇ ਦਿਸ਼ਾ ਪਤਨਮੁਖੀ ਸੀ। ਬ੍ਰਾਹਮਣਵਾਦ ਪਰੰਪਰਾ ਤੇ ਕਰਮਕਾਂਡ ਦਾ ਗ਼ੁਲਾਮ ਹੋਣ ਕਰਕੇ ਇਸਤਰੀ ਤੇ ਸ਼ੂਦਰ ਨੂੰ ਸਮਾਜਿਕ ਤੌਰ 'ਤੇ ਨੀਵੇਂ ਦਰਜੇ ਤੇ ਰੱਖਦਾ ਸੀ। ਬ੍ਰਾਹਮਣਵਾਦ ਦੀਆਂ ਜਾਤੀ ਪ੍ਰਥਾ ਵਰਗੀਆਂ ਕੁਰੀਤੀਆਂ ਨੇ ਦਲਿਤ ਜਾਤੀਆਂ ਨੂੰ ਆਰਥਿਕ ਤੇ ਸਮਾਜਿਕ ਅਨਿਆਂ ਦਾ ਸ਼ਿਕਾਰ ਬਣਾਇਆ। ਮੁਸਲਮਾਨ ਹਾਕਮਾਂ ਦੀ ਕੱਟੜ ਮਜ਼ਬੀ ਨੀਤੀ ਨੇ ਗੈਰ-ਮੁਸਲਮਾਨਾਂ 'ਤੇ ਜ਼ੁਲਮ ਕੀਤੇ। ਇਸ ਸਾਰੇ ਵਰਤਾਰੇ ਦੇ ਪ੍ਰਤੀਕਰਮ ਵਜੋਂ ਭਗਤਾਂ ਦੀ ਬਾਣੀ ਸਮਕਾਲੀ ਜੀਵਨ ਦੀ ਹੂ-ਬ-ਹੂ ਤਸਵੀਰ ਪੇਸ਼ ਕਰਦਿਆਂ ਅਜਿਹੀ ਸਥਿਤੀ ਵਿਚੋਂ ਨਿਕਲਣ ਲਈ ਪ੍ਰੇਰਨਾ ਦਿੰਦੀ ਹੈ। ਜੋ ਮਾਨਵਵਾਦ ਦਾ ਪੱਖ ਪੂਰਦੀ ਹੋਈ ਲੋਕ ਭਾਵਾਂ ਦੀ ਤਰਜਮਾਨੀ ਕਰਦੀ ਹੈ।

ਭਗਤੀ ਲਹਿਰ ਲੋਕ ਜੀਵਨ ਦੇ ਨੇੜੇ ਹੋਣ ਕਾਰਨ ਭਗਤਾਂ ਨੇ ਲੋਕ-ਭਾਸ਼ਾ ਅਤੇ ਪ੍ਰਚਲਿਤ ਲੋਕ-ਕਾਵਿ ਰੂਪਾਂ ਵਿਚ ਸਾਹਿਤ ਰਚਿਆ ਜੋ ਜਨ-ਸਾਧਾਰਨ ਨੂੰ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਖੇਤਰਾਂ ਵਿਚ ਸੁਚੇਤ ਤੌਰ 'ਤੇ ਅਗਵਾਈ ਦਿੰਦਾ ਹੈ। ਭਗਤਾਂ ਦੀ ਸ਼ਖ਼ਸੀਅਤ ਨੂੰ ਸਮਕਾਲੀ ਪਰਿਸਥਿਤੀਆਂ ਨੇ ਉਤੇਜਿਤ ਤੇ ਪ੍ਰੇਰਿਤ ਕੀਤਾ। ਇਹੀ ਮਨੋਬਿਰਤੀ ਉਨ੍ਹਾਂ ਦੀ ਰਚੀ ਬਾਣੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਉੱਤੇ ਸਥਾਨਕ ਸੰਸਕ੍ਰਿਤੀ ਤੇ ਸੰਸਕਾਰਾਂ ਦੀ ਛਾਪ ਵੇਖੀ ਜਾ ਸਕਦੀ ਹੈ। ਇਸ ਲਈ ਭਗਤੀ ਲਹਿਰ ਨੂੰ ਕ੍ਰਾਂਤੀਕਾਰੀ ਅੰਦੋਲਨ ਕਿਹਾ ਜਾ ਸਕਦਾ ਹੈ। "ਭਗਤਾਂ ਨੇ ਮਨੂਸਿਮ੍ਰਿਤੀ ਦੇ ਨਿਯਮਾਂ ਨੂੰ ਤਿਲਾਂਜਲੀ ਦੇ ਦਿੱਤੀ ਸੀ। ਉਨ੍ਹਾਂ ਨੇ ਨਵੇਂ ਆਦਰਸ਼ਕ ਸਮਾਜ ਨੂੰ ਨਿਆਂ, ਬਰਾਬਰਤਾ, ਸੁਤੰਤਰਤਾ ਦੀਆਂ ਕੀਮਤਾਂ ਤੇ ਉਸਾਰਨ ਦਾ ਯਤਨ ਕੀਤਾ। ਭਗਤ ਰਵਿਦਾਸ ਦਾ 'ਬੇਗਮਪੁਰੇ' ਦਾ ਆਦਰਸ਼ ਸਮਾਜ ਮਨੁੱਖ ਨੂੰ ਪਹਿਲਾਂ ਆਪਣੇ ਅੰਦਰ ਪੈਦਾ ਕਰਨਾ ਪੈਂਦਾ ਹੈ। ਫਿਰ ਇਸ ਨੂੰ ਬਾਹਰੀ ਤੌਰ ਤੇ ਸੰਗਤ ਤੇ ਸਮਾਜ ਵਿਚ ਲਾਗੂ ਕੀਤਾ ਜਾਂਦਾ ਹੈ। ਇਹ ਸਿਧਾਂਤ ਤੇ ਅਮਲ ਦਾ ਸੁਚੱਜਾ ਸੁਮੇਲ ਹੈ।"[2] ਭਗਤਾਂ ਨੇ ਸਮਾਜ ਨੂੰ ਅਧਿਆਤਮਿਕ, ਆਰਥਿਕ, ਸਮਾਜਿਕ, ਵਿਹਾਰਕ ਤੇ ਸਭਿਆਚਾਰਕ ਆਦਿ ਭਿੰਨ-ਭਿੰਨ ਪੱਖਾਂ ਤੋਂ ਉੱਨਤ ਕਰਨ ਲਈ ਸਾਹਿਤ ਨੂੰ ਇੱਕ ਸਾਧਨ ਵਜੋਂ ਵਰਤਿਆ ਤੇ ਇਸ ਨੂੰ ਪਹਿਲੀ ਵਾਰੀ ਜੀਵਨ ਨਾਲ ਜੋੜ ਕੇ ਲੋਕ-ਜੀਵਨ ਦੀ ਨਿੱਗਰ ਉਸਾਰੀ ਦਾ ਸਾਧਨ ਸਿੱਧ ਕੀਤਾ ਹੈ। "ਰਵਿਦਾਸ ਜੀ ਨੇ ਆਪਣੀ ਬਾਣੀ ਦੀ ਵਕ੍ਰਤਾ ਨੂੰ ਵਧਾਇਆ ਹੈ ਅਤੇ ਗੁਝੇ ਭਾਵਾਂ ਨੂੰ ਪ੍ਰਗਟ ਕਰਨ ਲਈ ਜਨਜੀਵਨ ਤੋਂ ਬੜੇ ਸੁੰਦਰ ਪ੍ਰਤੀਕ ਲਏ ਹਨ। ਚੰਗੇ ਸਾਧਕ ਲਈ 'ਦੂਤਨ' ਆਦਿ ਵਿਅੰਗਾਰਥਕ ਪ੍ਰਤੀਕ ਵਰਤ ਕੇ ਆਪਣੀ ਗੱਲ ਨੂੰ ਸਪੱਸ਼ਟ ਕੀਤਾ ਹੈ। ਆਤਮਾ-ਪਰਮਾਤਮਾ ਦਾ ਸੰਬੰਧ ਦਰਸਾਉਣ ਲਈ ਪ੍ਰਤੀਕਾਂ ਦੀ ਲੜੀ ਪਰੋ ਦਿੱਤੀ ਹੈ। ਪਰਮਾਤਮਾ ਲਈ ਵਰਤੇ ਪ੍ਰਤੀਕ ਹਨ ਗਿਰਿਵਰ, ਚੰਦ੍ਰਮਾ, ਦੀਪਕ, ਤੀਰਥ ਅਤੇ ਆਤਮਾ ਲਈ ਉਨ੍ਹਾਂ ਨ ਕ੍ਰਮਵਾਰ ਮੋਰ, ਚਕੋਰ, ਬੱਤੀ, ਯਾਤਰੀ ਆਦਿ ਪ੍ਰਤੀਕ ਪ੍ਰਯੋਗ ਵਿਚ ਲਿਆਉਂਦੇ ਹਨ।"[3] ਭਗਤੀ ਲਹਿਰ ਦਾ ਆਰੰਭ ਦੱਖਣ ਵਿਚ ਹੋਇਆ ਪਰ ਸਿਖਰ ਗੁਰਮਤਿ ਧਾਰਾ ਦੇ ਰੂਪ ਵਿਚ ਪੰਜਾਬ ਵਿਚ ਨੇਪਰੇ ਚੜ੍ਹਿਆ।

ਭਗਤਾਂ ਨੇ ਸਮਾਜ ਦੀਆਂ ਅਮਾਨਵੀ ਪਰੰਪਰਾਵਾਂ ਵਿਰੁੱਧ ਪ੍ਰਤੀਕਰਮ ਕਰਦੇ ਹੋਏ ਆਪਣੀ ਨਵੀਨ ਦ੍ਰਿਸ਼ਟੀ ਨੂੰ ਲੋਕ-ਬੋਲੀ ਵਿਚ ਨਵੀਨ ਚਿੰਨ੍ਹਾਂ, ਬਿੰਬਾਂ, ਪ੍ਰਤੀਕਾਂ ਤੇ ਹੋਰ ਭਾਸ਼ਾ ਦੇ ਸੰਕਲਪਾਂ ਰਾਹੀਂ ਪ੍ਰਗਟ ਕੀਤਾ। ਭਗਤਾਂ ਦੇ ਸਮੇਂ ਸਮਾਜ ਦੀ ਵਰਗ-ਵੰਡ ਜਾਤ ਆਧਾਰਿਤ ਹੋਣ ਕਰਕੇ ਦਲਿਤਾਂ, ਔਰਤਾਂ ਤੇ ਕਿਰਤੀ ਲੋਕਾਂ ਦਾ ਜੀਵਨ ਅਤਿ ਮੁਸ਼ਕਿਲਾਂ ਭਰਿਆ ਸੀ। ਭਗਤਾਂ ਨੇ ਹੀ ਇਸ ਸਮੇਂ ਦੀਆਂ ਸਮਾਜਿਕ ਕੁਰੀਤੀਆਂ ਨੂੰ ਵੰਗਾਰਦਿਆਂ ਧਰਮਾਂ ਦੇ ਵਿਅਰਥ ਕਰਮਕਾਂਡ ਅਤੇ ਸਮਾਜ ਵਿਰੋਧੀ ਗਤੀਵਿਧੀਆਂ ਦੀ

[2] ਉਹੀ, ਪੰਨਾ -103

[3] ਡਾ.ਰਤਨ ਸਿੰਘ ਜੱਗੀ, ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪਹਿਲਾ), ਪੰਨਾ-147.

ਆਲੋਚਨਾ ਕਰਦਿਆਂ, ਇੱਕ ਨਿਰਪੱਖ ਮਾਨਵਵਾਦੀ ਸੋਚ ਨੂੰ ਸਾਹਮਣੇ ਲਿਆਂਦਾ। "ਸੰਤ ਕਬੀਰ ਦੀ ਬਾਣੀ ਵਿਚ ਵਿਅੰਗ ਦੀ ਪ੍ਰਧਾਨਤਾ ਹੈ। ਵਿਅੰਗ ਕਸਣ ਵਿਚ ਉਹ ਬੇਜੋੜ ਹਨ। ਉਨ੍ਹਾਂ ਦੇ ਸਾਹਮਣੇ ਜੋ ਆ ਗਿਆ, ਚਾਹੇ ਉਹ ਹਿੰਦੂ ਹੋਏ ਜਾਂ ਮੁਸਲਮਾਨ, ਬ੍ਰਾਹਮਣ ਹੋਏ ਜਾਂ ਮੁੱਲਾਂ, ਜੋਗੀ ਹੋਵੇ ਜਾਂ ਸਿੱਧ, ਉਸ ਉਤੇ ਵਿਅੰਗ ਕੱਸ ਦਿੱਤਾ। ਉਨ੍ਹਾਂ ਦੇ ਸਮਕਾਲੀ ਧਾਰਮਿਕ ਮੁਖੀਏ ਉਨ੍ਹਾਂ ਤੋਂ ਘਬਰਾਉਂਦੇ ਸਨ ਕਿਉਂਕਿ ਸਿੱਧੀ ਸਾਦੀ ਭਾਸ਼ਾ ਵਿਚ ਕਬੀਰ ਜੀ ਇਤਨੀ ਜ਼ਬਰਦਸਤ ਸਟ ਮਾਰਦੇ ਸਨ ਕਿ ਅਗਲੇ ਨੂੰ ਕੁਝ ਔਹੜਦਾ ਹੀ ਨਹੀਂ ਸੀ। ਕਬੀਰ ਜੀ ਨੂੰ ਬਾਹਰਲੇ ਆਡੰਬਰਾਂ ਅਤੇ ਪਾਖੰਡਾਂ ਤੋਂ ਚਿੜ੍ਹ ਸੀ, ਕਿਉਂਕਿ ਇਨ੍ਹਾਂ ਕਰਕੇ ਹੀ ਮਨੁੱਖਤਾ ਦਾ ਘਾਟ ਹੋ ਰਿਹਾ ਸੀ। ਇਸ ਲਈ ਉਨ੍ਹਾਂ ਦੀ ਸ਼ੈਲੀ ਪਾਖੰਡ-ਖੰਡਨੀ ਬਣ ਗਈ ਸੀ। ਇਸ ਖੰਡਨ ਵਿਚ ਵਿਅੰਗ ਉਨ੍ਹਾਂ ਦਾ ਮੁੱਖ ਹਥਿਆਰ ਸੀ।"[4] ਭਗਤਾਂ ਨੇ ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਜਿਹੜੇ ਸਾਹਿਤਕ, ਸਮਾਜਿਕ ਤੇ ਭਾਸ਼ਿਕ ਸੰਦਾਂ ਦੀ ਵਰਤੋਂ ਕੀਤੀ ਹੈ ਉਸ ਤੇ ਸਥਾਨਕ ਸੰਸਕ੍ਰਿਤੀ ਦੀ ਮੋਹਰ-ਛਾਪ ਜ਼ਰੂਰ ਹੀ ਲੱਗੀ ਹੋਈ ਹੈ। ਹਰੇਕ ਸਬਦ ਵਿਸ਼ੇਸ਼ ਪ੍ਰਸੰਗ ਅਤੇ ਖ਼ਾਸ ਅਰਥਾਂ ਵਿਚ ਵਰਤਿਆ ਗਿਆ ਹੈ, ਜਿਸ ਦਾ ਆਪਣਾ ਇੱਕ ਖ਼ਾਸ ਸਾਂਸਕ੍ਰਿਤਿਕ ਆਲਾ-ਦੁਆਲਾ ਹੁੰਦਾ ਹੈ। ਭਗਤਾਂ ਨੇ ਆਪਣੇ ਵੇਲੇ ਦੇ ਸਮਾਜਿਕ ਯਥਾਰਥ ਨੂੰ ਮੁੱਖ ਰੱਖ ਕੇ ਆਪਣੀ ਰਚਨਾ ਕੀਤੀ ਹੈ। ਉਨ੍ਹਾਂ ਦੀ ਰਚਨਾ ਵਿਚਲੇ ਅਨੇਕ ਸਰੋਕਾਰ ਪੂਰਵਲੀ ਬਾਣੀ ਨਾਲ ਸਮਾਨਤਾ ਰੱਖਦੇ ਹਨ। ਪੁਰਾਣੀਆਂ ਧਾਰਮਿਕ ਤੇ ਸਮਾਜਿਕ ਕਦਰਾਂ-ਕੀਮਤਾਂ ਦੀ ਯਥਾਰਥਕਤਾ ਅਮਲੀ ਜੀਵਨ ਵਿਚੋਂ ਢਹਿ-ਢੇਰੀ ਹੋਣ ਕਰਕੇ ਭਗਤਾਂ ਨੇ ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਿਆ ਅਤੇ ਸਿਰਜਿਆ ਹੈ।

ਬਾਬਾ ਫਰੀਦ, ਭਗਤ ਜੈਦੇਵ, ਭਗਤ ਕਬੀਰ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਆਦਿ ਭਗਤਾਂ ਦੀ ਬਾਣੀ ਵਿਚਲੇ ਸਥਾਨਕਤਾ ਦੇ ਅੰਸ਼ਾਂ ਦੇ ਆਧਾਰ 'ਤੇ ਹੀ ਭਗਤਾਂ ਦੁਆਰਾ ਬਾਣੀ ਰਚਨ ਦਾ ਮੰਤਵ ਸਪਸ਼ਟ ਹੁੰਦਾ ਹੈ। ਜੇਕਰ ਉਨ੍ਹਾਂ ਦੀ ਬਾਣੀ ਵਿਚ ਸਮਾਜ ਸੰਬੰਧੀ ਪ੍ਰਤੀਰੋਧੀ ਸੁਰ ਸੀ ਤਾਂ ਉਸਦੇ ਕੀ ਕਾਰਨ ਸਨ, ਉਨ੍ਹਾਂ ਨੇ ਆਪਣੀ ਰਚਨਾ ਵਿਚ ਅਤੇ ਸਮਕਾਲੀ ਸਮਾਜ ਤੇ ਉਸ ਦੀਆਂ ਸੰਸਥਾਵਾਂ ਦਾ ਕਿਹੋ ਜਿਹਾ ਪ੍ਰਤੀਬਿੰਬ ਪੇਸ਼ ਕੀਤਾ। "ਫ਼ਰੀਦ ਬਾਣੀ ਆਪਣੇ ਪ੍ਰਗਟਾਵੇ ਲਈ ਵਧੇਰੇ ਲੋਕ-ਕਾਵਿ ਦੀਆਂ ਰੀਤਾਂ ਅਤੇ ਰਵਾਇਤਾਂ ਨੂੰ ਆਧਾਰ ਬਣਾਉਂਦੀ ਹੈ। ਇਹ ਪੰਜਾਬ ਦੇ ਪ੍ਰਕਿਰਤਕ ਵਾਯੂਮੰਡਲ ਅਤੇ ਸਭਿਆਚਾਰਕ ਮਾਹੌਲ ਨਾਲ ਸੰਬੰਧਿਤ ਸਾਮਗ੍ਰੀ ਨੂੰ ਆਪਣੀ ਬਿੰਬਾਵਲੀ ਅਤੇ ਪ੍ਰਤੀਕਾਵਲੀ ਦਾ ਮਾਧਿਅਮ ਬਣਾਉਂਦੀ ਹੈ।"[5] ਭਗਤਾਂ ਦੀ ਬਾਣੀ ਦੇ ਸੰਕਲਪਾਂ ਤੇ ਸਿਰਜਣਾ ਦੇ ਪਿਛੋਕੜ ਵਿਚ ਕਾਰਜਸ਼ੀਲ ਪ੍ਰਤਿਭਾ ਤੇ ਯੋਗਤਾ, ਪੂਰਬਕਾਲੀ ਤੇ ਸਮਕਾਲੀ ਸਮਾਜਿਕ ਪਰਿਸਥਿਤੀਆਂ ਅਤੇ ਪ੍ਰਚਲਿਤ ਰਵਾਇਤਾਂ ਦੀ ਨਿਸ਼ਾਨਦੇਹੀ ਕਰਨ ਤੋਂ ਬਾਅਦ ਉਨ੍ਹਾਂ ਦਾ ਭਗਤਾਂ ਦੀ ਬਾਣੀ ਤੇ ਪਏ ਪ੍ਰਭਾਵਾਂ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰਗਟਾਵਾ ਹੁੰਦਾ ਹੈ।

ਭਗਤਾਂ ਦੁਆਰਾ ਪੈਦਾ ਕੀਤੀ ਗਈ ਸਮਾਜਿਕ ਚੇਤਨਾ ਨਾਲ ਮਾਨਵੀ ਬਦਲਾਅ, ਸੌੜੇ ਵਿਚਾਰਾਂ ਦਾ ਵਿਰੋਧ ਕਰਨ ਅਤੇ ਧਰਮ ਦਾ ਪਸਾਰ ਕਰਨ, ਦਲਿਤ ਅਤੇ ਦਮਿਤ ਲਈ ਆਵਾਜ਼ ਬੁਲੰਦ ਕਰਨਾ ਅਤੇ ਔਰਤਾਂ ਦੀ ਸਮਾਜਿਕ ਅਹਿਮੀਅਤ ਨੂੰ ਸਮਝਦਿਆਂ ਉਸਦੇ ਮਹੱਤਵ ਨੂੰ ਦਰਸਾਉਂਦੇ ਪੱਖਾਂ ਉੱਤੇ ਵਿਚਾਰ-ਚਰਚਾ ਕਰਨਾ ਹੈ। ਅਜੋਕਾ ਮਨੁੱਖ ਅਤਿ-ਆਧੁਨਿਕ ਸਮਾਜ ਵਿਚ ਵਿਚਰਨ ਵਾਲਾ ਮਨੁੱਖ ਹੈ ਪਰ ਸਮਾਜ ਅੱਜ ਵੀ ਇਹਨਾਂ ਮਾਨਵ ਵਿਰੋਧੀ ਤਾਕਤਾਂ ਦਾ ਸ਼ਿਕਾਰ ਹੈ। ਭਗਤਾਂ ਦੀ ਬਾਣੀ ਅੱਜ ਦੇ ਦੌਰ ਵਿਚ ਵੀ ਆਪਣੀ ਸਮਾਜ-ਸਭਿਆਚਾਰਕ ਚੇਤਨਾ ਦੇ ਚਾਨਣ ਨਾਲ ਦੁਨੀਆ ਦੇ ਰਾਹ ਨੂੰ ਰੌਸ਼ਨ ਕਰਨ ਦੀ ਸਮਰੱਥਾ ਰੱਖਦੀ ਹੈ।

---

[4] ਉਹੀ, ਪੰਨਾ-165.

[5] ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ-97.

**ਹਵਾਲੇ ਤੇ ਟਿੱਪਣੀਆਂ**

1. ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ ’ਚ ਯੋਗਦਾਨ, ਪਬਲੀਕੇਸ਼ਨ ਬਿਊਰੋ ਪੰਜਬੀ ਯੂਨੀਵਰਸਿਟੀ, ਪਟਿਆਲਾ, 1998.
2. ਰਤਨ ਸਿੰਘ ਜੱਗੀ (ਡਾ.), ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ-ਪਹਿਲਾ), ਪਬਲੀਕੇਸ਼ਨ ਬਿਊਰੋ ਪੰਜਬੀ ਯੂਨੀਵਰਸਿਟੀ, ਪਟਿਆਲਾ, 1998.
3. ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2016.